ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
CONTACT RAJ : 021874730, 021874702, 0800 253 2687
www.redcleaning.co.nz

24 April 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਆਕਲੈਂਡ 'ਚ ਹੈਲੀਕਾਪਟਰ ਹਾਦਸਾਗ੍ਰਸਤ ਹੋਣ 'ਤੇ ਜਾਦੂਮਈ ਢੰਗ ਨਾਲ ਬਚੇ ਤਿੰਨ ਵਿਅਕਤੀ



ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਜਿਸ ਕੋ ਰਾਖੇ ਸਾਈਂ ਮਾਰ ਸਕੇ ਨਾ ਕੋਈ। ਇਹ ਕਹਾਵਤ ਆਕਲੈਂਡ ਵਿੱਚ ਉਸ ਸਮੇਂ ਸੱਚ ਸਾਬਿਤ ਹੋਈ ਜਦੋਂ ਇੱਕ ਭਿਆਨਕ ਹਾਦਸੇ ਵਿੱਚ ਡਿੱਗੇ ਹੈਲੀਕਾਪਟਰ 'ਚ ਸਵਾਰ ਤਿੰਨ ਵਿਅਕਤੀ ਸਹੀ ਸਲਮਤ ਬਚ ਗਏ । ਇਹੀ ਨਹੀਂ ਉਨ੍ਹਾਂ ਨੂੰ ਕੋਈ ਖਾਸ ਚੋਟ ਵੀ ਨਹੀਂ। ਹਾਲਾਂਕਿ ਇਸ ਹਾਦਸੇ ਵਿੱਚ ਹੈਲੀਕਾਪਟਰ ਬੁਰੀ ਤਰਾਂ ਤਬਾਹ ਹੋ ਗਿਆ।

## ਨਿਊਜ਼ੀਲੈਂਡ 'ਚ ਰਹਿੰਦੇ ਸ਼੍ਰੀਲੰਕਾਈ ਲੋਕ ਹੋਏ ਬੇਤਾਬ-ਘਰ ਜਾਣ ਤੋਂ ਵੀ ਡਰੇ।

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ 'ਚ ਰਹਿੰਦੇ ਸ਼੍ਰੀਲੰਕਾਈ ਲੋਕ ਵਾਪਸ ਸ੍ਰੀਲੰਕਾ ਜਾਣ ਤੋਂ ਡਰ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਧਮਾਕਿਆ ਨੇ ਸਾਡੀ ਦਸ ਸਾਲ ਦੀ ਸ਼ਾਂਤੀ ਖੋਹ ਲਈ ਹੈ। ਆਕਲੈਂਡ 'ਚ ਇਸ ਸਬੰਧੀ ਇੱਕ ਇਕੱਠ ਵੀ ਹੋਇਆ ਜਿਸ ਵਿੱਚ ਇਸ ਹਮਲੇ ਦੀ ਨਿੰਦਾ ਕੀਤੀ ਗਈ।ਨਿਊਜ਼ੀਲੈਂਡ 'ਚ ਰਹਿੰਦੇ ਸ਼੍ਰੀਲੰਕਾਈ ਲੋਕ ਵਾਰ - ਵਾਰ ਆਪਣੇ ਸ਼੍ਰੀ ਲੰਕਾ 'ਚ ਰਹਿੰਦੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦਾ ਫੋਨ 'ਤੇ ਪਾ ਲੈ ਰਹੇ ਹਨ।

## ਨਿਊਜ਼ੀਲੈਂਡ ਪ੍ਰਧਾਨ ਮੰਤਰੀ ਦੀ ਤਸਵੀਰ ਆਸਟਰੇਲੀਆਂ 'ਚ 75 ਫੁੱਟੀ ਇਮਾਰਤ 'ਤੇ ਵਾਹੀ ਗਈ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਆਪਣੇ ਕੰਮਾਂ, ਆਪਣੇ ਹੌਂਸਲੇ, ਅਤੇ ਦੇਸ਼ ਪ੍ਰਤੀ ਬਣਦੇ ਫਰਜਾ ਨੂੰ ਸਕਾਰਤਮਕ ਨਾਲ ਨਿਭਾਉਣ ਲਈ ਹਮੇਸ਼ਾ ਚਰਚਾ ਵਿੱਚ ਰਹਿੰਦੀ ਹੈ। ਪਿਛਲੇ ਦਿਨੀਂ ਨਿਊਜ਼ੀਲੈਂਡ 'ਚ ਆਤੰਕੀ ਹਮਲੇ ਤੋਂ ਬਾਅਦ ਉਨ੍ਹਾਂ ਨੇ ਜਿਸ ਤਰਾਂ ਪੀੜਿਤ ਪਰਿਵਾਰਾਂ ਨੂੰ ਹੌਂਸਲਾ ਦੇ ਕੇ ਉਨ੍ਹਾਂ ਨਾਲ ਹਮਦਰਦੀ ਜਿਤਾਈ ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਇਸ ਗੱਲ ਉਨਹਾਂ ਦੀ ਚਰਚਾ ਪੂਰੇ ਵਿਸ਼ਵ ਵਿੱਚ ਹੋਈ। ਉਨ੍ਹਾਂ ਨੂੰ ਪਿਛਲੇ ਦਿਨੀਂ ਇੱਕ ਮੈਗਜੀਨ ਦੀ ਰਿਪੋਰਟ ਵਿੱਚ ਦੁਨੀਆਂ ਦੀ ਦੂਜੀ ਸਭ ਤੋਂ ਲੋਕ ਪ੍ਰਿਆ ਨੇਤਾ ਵੀ ਕਿਹਾ ਗਿਆ ਹੈ। ਅਤੇ ਹੁਣ ਆਸਟਰੇਲੀਆਂ ਵਿੱ ਉਨ੍ਹਾਂ ਦੀ ਤਸਵੀਰ 75 ਫੁੱਟੀ ਇਮਾਰਤ 'ਤੇ ਵਾਹੀ ਗਈ ਹੈ ਜੋ ਕਿ ਨਿਊਜ਼ੀਲੈਂਡ ਲਈ ਹੀ ਨਹੀਂ ਸਗੋਂ ਪੂਰੇ ਵਿਸ਼ਵ ਲਈ ਮਾਣ ਵਾਲੀ ਗੱਲ ਹੈ। ਇਹ ਤਸਵੀਰ ਟੀਨਿੰਗ ਸਟ੍ਰੀਟ ਵਿੱਚ ਉਲੀਕੀ ਗਈ ਹੈ ? ਇਸ ਤਸਵੀਰ ਨੂੰ ਬਨਾਉਣ ਲਈ ਆਇਆ £11,750 ਖਰਚਾ ਇੱਕ ਦਿਨ ਵਿੱਚ ਹੀ ਇਕੱਠਾ ਕੀਤਾ ਗਿਆ ਸੀ ? ਇਸ ਤਸਵੀਰ ਦੇ ਹੇਠਾਂ ਅਰਬੀ ਭਾਸ਼ਾ ਵਿੱਚ "ਸ਼ਾਂਤੀ" ਲਿਖਿਆ ਗਿਆ ਹੈ ?




## 15 ਸਾਲਾ ਭਾਰਤੀ ਲੜਕਾ ਬਣਿਆ ਬ੍ਰਿਟੇਨ ਦਾ ਸਭ ਤੋਂ ਨੌਜਵਾਨ ਅਕਾਊਂਟੈਂਟ



ਲੰਡਨ— ਭਾਰਤੀ ਮੂਲ ਦਾ 15 ਸਾਲਾ ਲੜਕਾ ਬ੍ਰਿਟੇਨ ਦਾ ਸਭ ਤੋਂ ਘੱਟ ਉਮਰ ਦਾ ਲੇਖਾਕਾਰ (ਅਕਾਊਂਟੈਂਟ) ਬਣਿਆ ਹੈ। ਉਸ ਨੇ ਸਕੂਲ 'ਚ ਰਹਿਣ ਦੌਰਾਨ ਹੀ ਅਕਾਊਂਟੈਂਟ ਦੀ ਕੰਪਨੀ ਸਥਾਪਿਤ ਕੀਤੀ ਹੈ। ਦੱਖਣੀ ਲੰਡਨ 'ਚ ਰਹਿਣ ਵਾਲੇ ਰਣਵੀਰ ਸਿੰਘ ਸੰਧੂ ਨੇ ਆਪਣੇ ਲਈ 25 ਸਾਲ ਦੀ ਉਮਰ ਤੱਕ ਕਰੋੜਪਤੀ ਬਣਨ ਦਾ ਟੀਚਾ ਤੈਅ ਕਰ ਰੱਖਿਆ ਹੈ। ਸੰਧੂ ਨੇ 12 ਸਾਲ ਦੀ ਉਮਰ 'ਚ ਆਪਣਾ ਪਹਿਲਾ ਕਾਰੋਬਾਰ ਸ਼ੁਰੂ ਕੀਤਾ ਸੀ। ਸੋਸ਼ਲ ਮੀਡੀਆ 'ਤੇ ਕਿਹਾ ਗਿਆ ਹੈ ਕਿ 15 ਸਾਲ ਦਾ ਨੌਜਵਾਨ ਆਪਣਾ ਬਿਹਤਰੀਨ ਜੀਵਨ ਜੀਅ ਰਿਹਾ ਹੈ ਤੇ ਪੈਸੇ ਕਮਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਕੂਲੀ ਵਿਦਿਆਰਥੀ ਨੇ ਕਿਹਾ ਕਿ ਉਹ ਬਹੁਤ ਪਹਿਲਾਂ ਤੋਂ ਹੀ ਜਾਣਦਾ ਸੀ ਕਿ ਉਸ ਨੂੰ ਅਕਾਊਂਟੈਂਟ ਤੇ ਵਿੱਤੀ ਸਲਾਹਕਾਰ ਬਣਨਾ ਹੈ ਤਾਂਕਿ ਉਹ ਆਪਣੇ ਸੁਪਨਿਆਂ ਦਾ ਕਾਰੋਬਾਰ ਸ਼ੁਰੂ ਕਰਨ ਵਾਲੇ ਸਾਥੀ ਨੌਜਵਾਨਾਂ ਦੀ ਮਦਦ ਕਰ ਸਕੇ।

## ਨਿਊਜ਼ੀਲੈਂਡ ਕ੍ਰਾਈਸਟਚਰਚ ਦਾ ਬਦਲਾ ਲੈਣ ਲਈ ਹੋਏ ਕੋਲੰਬੋ ਬੰਬ ਧਮਾਕੇ

ਵੇਲਿੰਗਟਨ - ਨਿਊਜ਼ੀਲੈਂਡ ਦੇ ਸ਼ਹਿਰ ਕ੍ਰਾਈਸਟਚਰਚ ਵਿਚ ਮੁਸਲਿਮਾਂ 'ਤੇ ਹੋਏ ਹਮਲੇ ਦਾ ਬਦਲਾ ਲੈਣ ਲਈ ਸ਼੍ਰੀਲੰਕਾ ਦੀ ਰਾਜਧਾਨੀ ਕੋਲੰਬੋ ਵਿਚ ਧਮਾਕੇ ਕੀਤੇ ਗਏ ਹਨ। ਇਹ ਗੱਲ ਸ਼ੁਰੂਆਤੀ ਜਾਂਚ ਵਿਚ ਸਾਹਮਣੇ ਆਈ ਹੈ। ਇਸ ਗੱਲ ਦੀ ਜਾਣਕਾਰੀ ਸ਼੍ਰੀਲੰਕਾ ਦੇ ਉਪ ਰੱਖਿਆ ਮੰਤਰੀ ਨੇ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਜੋ ਵੀ ਸ਼੍ਰੀਲੰਕਾ ਵਿਚ ਹੋਇਆ ਉਸ ਪਿੱਛੇ ਕ੍ਰਾਈਸਟਚਰਚ ਵਿਚ ਮੁਸਲਿਮ 'ਤੇ ਹੋਇਆ ਹਮਲਾ ਹੈ। ਸ਼੍ਰੀਲੰਕਾ ਸਰਕਾਰ ਨੇ ਕਿਹਾ ਹੈ ਕਿ ਈਸਟਰ ਮੌਕੇ ਐਤਵਾਰ ਨੂੰ ਦੇਸ਼ ਵਿਚ ਹੋਏ ਸਿਲਸਿਲੇਵਾਰ ਬੰਬ ਧਮਾਕਿਆਂ ਕਾਰਨ ਵਾਪਰੀ ਘਟਨਾ ਕਲਪਨਾ ਤੋਂ ਪਰੇ ਸੀ ਅਤੇ ਖੁਫੀਆ ਜਾਣਕਾਰੀ ਪਹਿਲਾਂ ਮਿਲ ਜਾਣ ਦੇ ਬਾਵਜੂਦ ਦੇਸ਼ ਵਿਚ ਵੱਡੀ ਗਿਣਤੀ ਵਿਚ ਮੌਜੂਦ ਚਰਚਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਤਕਰੀਬਨ ਅਸੰਭਵ



ਸੀ। ਇਨ੍ਹਾਂ ਹਮਲਿਆਂ ਵਿਚ 8 ਭਾਰਤੀਆਂ ਸਣੇ 310 ਲੋਕਾਂ ਦੀ ਮੌਤ ਹੋ ਗਈ। ਦੇਸ਼ ਦੇ ਰੱਖਿਆ ਮੰਤਰੀ ਹੇਮਾਸਿਰੀ ਫਰਨਾਂਡੋ ਨੇ ਮੰਗਲਵਾਰ ਨੂੰ ਸਥਾਨਕ ਮੀਡੀਆ ਨੂੰ ਇਹ ਗੱਲ ਕਹੀ। ਮੰਨਿਆ ਜਾ ਰਿਹਾ ਹੈ ਕਿ 7 ਆਤਮਘਾਤੀ ਹਮਲਾਵਰਾਂ ਨੇ ਇਨ੍ਹਾਂ ਹਮਲਿਆਂ ਨੂੰ ਅੰਜਾਮ ਦਿੱਤਾ। ਇਨ੍ਹਾਂ ਦਾ ਸਬੰਧ ਸਥਾਨਕ ਕੱਟੜ ਇਸਲਾਮਿਕ ਸੰਗਠਨ ਨੈਸ਼ਨਲ ਤੌਹੀਦ ਜਮਾਤ (ਐਨ.ਟੀ.ਜੇ.) ਤੋਂ ਮੰਨਿਆ ਜਾ ਰਿਹਾ ਹੈ। ਹਾਲਾਂਕਿ ਕਿਸੇ ਸਮੂਹ ਨੇ ਸਿੱਧੀ ਇਸ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਫਰਨਾਂਡੋ ਨੇ ਕਿਹ ਕਿ ਇਨ੍ਹਾਂ ਹਮਲਿਆਂ ਦੀ ਜਾਣਕਾਰੀ ਪਹਿਲਾਂ ਮਿਲ ਜਾਣ ਤੋਂ ਬਾਅਦ ਵੀ ਬੀਤੇ ਐਤਵਾਰ ਨੂੰ ਇੰਨੀ ਜ਼ਿਆਦਾ ਗਿਣਤੀ ਵਿਚ ਮੌਜੂਦ ਚਰਚਾਵਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਅਸੰਭਵ ਸੀ। ਉਨ੍ਹਾਂ ਨੇ ਸੰਡੇ ਟਾਈਮਜ਼ ਨੂੰ ਕਿਹਾ ਕਿ ਸਰਕਾਰ ਨੇ ਕਲਪਨਾ ਨਹੀਂ ਕੀਤੀ ਸੀ ਕਿ ਇੰਨੇ ਵੱਡੇ ਪੱਧਰ 'ਤੇ ਹਮਲੇ ਨੂੰ ਅੰਜਾਮ ਦਿੱਤਾ ਜਾਵੇਗਾ। ਫਰਨਾਂਡੋ ਨੇ ਕਿਹਾ ਕਿ ਦੇਸ਼ ਦੀ ਖੁਫੀਆ ਏਜੰਸੀਆਂ ਨੇ ਸਰਕਾਰ ਨੂੰ ਪਹਿਲਾਂ ਤੋਂ ਹੀ ਸੂਚਿਤ ਕਰ ਦਿੱਤਾ ਸੀ ਕਿ ਦੇਸ਼ ਵਿਚ ਇਕ ਛੋਟਾ ਪਰ ਤਾਕਤਵਰ ਅਪਰਾਧਕ ਸਮੂਹ ਸਰਗਰਮ ਹੈ।

## ਜਗਮੀਤ ਬਰਾੜ ਸਮੇਤ ਪੰਜਾਬ ਦੇ 5 ਸਿਆਸਤਦਾਨ ਜਿਨ੍ਹਾਂ ਨੇ ਪਾਰਟੀਆਂ ਵਾਰ-ਵਾਰ ਬਦਲੀਆਂ

### *ਜਗਮੀਤ ਬਰਾੜ, ਸੁਖਪਾਲ ਖਹਿਰਾ, ਬੀਰ ਦਵਿੰਦਰ, ਮਨਪ੍ਰੀਤ ਬਾਦਲ ਤੇ ਬਲਵੰਤ ਸਿੰਘ ਰਾਮੂਵਾਲੀਆ 'ਚ ਸਮਾਨਤਾ ਕੀ ਹੈ?*







ਚੰਡੀਗੜ੍ਹ : ਇਨ੍ਹਾਂ ਸਾਰਿਆਂ ਨੂੰ ਇੱਕ ਸੂਤਰ ਵਿੱਚ ਪਿਰੋਂਦੀ ਹੈ ਇਨ੍ਹਾਂ ਦੀ ਇੱਕ ਖਾਸ ਆਦਤ, ਉਹ ਹੈ ਪਾਰਟੀ ਬਦਲਣਾ. ਸਿਆਸਤ ਵਿੱਚ ਪਾਰਟੀ ਬਦਲਣਾ ਆਮ ਹੈ, ਖ਼ਾਸਕਰ ਚੋਣਾਂ ਦੇ ਮੌਸਮ ਵਿੱਚ। ਅਸੀਂ ਇਸ ਖ਼ਬਰ ਵਿੱਚ ਬਰਾੜ, ਖਹਿਰਾ, ਬੀਰ ਦਵਿੰਦਰ ਤੇ ਰਾਮੂਵਾਲੀਆ ਬਾਰੇ ਦੱਸਾਂਗੇ ਜਿਨ੍ਹਾਂ ਨੇ ਘੱਟੋ-ਘੱਟ ਤਿੰਨ ਪਾਰਟੀਆਂ ਬਦਲੀਆਂ ਹਨ।

#### 1. ਜਗਮੀਤ ਬਰਾੜ

ਜਗਮੀਤ ਬਰਾੜ ਜਿਹੜੀ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਜ਼ਿਆਦਾ ਭੰਡਦੇ ਰਹੇ ਹਨ, ਹੁਣ ਉਹ ਉਸੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਜਗਮੀਤ ਬਰਾੜ ਦਾ ਸਿਆਸੀ ਕਰੀਅਰ 1980 ਵਿੱਚ ਮੁੱਖ ਤੌਰ 'ਤੇ ਸ਼ੁਰੂ ਹੋਇਆ ਸੀ ਜਦੋਂ ਉਨ੍ਹਾਂ ਨੇ ਆਪਣੀ ਪਹਿਲੀ ਚੋਣ ਪ੍ਰਕਾਸ਼ ਸਿੰਘ ਬਾਦਲ ਖਿਲਾਫ ਕਾਂਗਰਸ ਦੀ ਟਿਕਟ 'ਤੇ ਲੜੀ ਸੀ। ਸ਼ੁਰੂਆਤ ਭਾਵੇਂ ਹਾਰ ਨਾਲ ਹੋਈ ਪਰ ਕਾਂਗਰਸ ਵਿੱਚ ਉਨ੍ਹਾਂ ਨੇ ਲੰਬਾ ਸਮਾਂ ਗੁਜ਼ਾਰਿਆ। ਜਗਮੀਤ ਨੇ ਕੁੱਲ 10 ਵਾਰ ਚੋਣਾਂ ਲੜੀਆਂ ਹਨ। 1992 ਵਿੱਚ ਜਗਮੀਤ ਬਰਾੜ ਨੇ ਫਰੀਦਕੋਟ ਤੋਂ ਚੋਣ ਜਿੱਤੀ ਸੀ।

ਕੇਜਰੀਵਾਲ ਨਾਲ ਸਟੇਜ ਸਾਂਝੀ ਕੀਤੀ ਸਾਲ 1999 ਵਿੱਚ ਤਾਂ ਉਨ੍ਹਾਂ ਨੇ ਵੱਡਾ ਕਮਾਲ ਕਰ ਦਿੱਤਾ। ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਰਹਿੰਦਿਆਂ ਜਗਮੀਤ ਬਰਾੜ ਨੇ ਉਨ੍ਹਾਂ ਦੇ ਪੁੱਤਰ ਸੁਖਬੀਰ ਬਾਦਲ ਨੂੰ ਹੀ ਹਰਾ ਦਿੱਤਾ। ਪਰ ਜਗਮੀਤ ਉਸ ਤੋਂ ਬਾਅਦ ਕਦੇ ਜਿੱਤ ਦਾ ਮੂੰਹ ਕਦੇ ਨਹੀਂ ਵੇਖ ਸਕੇ। ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਜਦੋਂ ਯੂਪੀਏ ਹਾਰੀ ਅਤੇ ਕਾਂਗਰਸ 50 ਦਾ ਅੰਕੜਾ ਵੀ ਨਹੀਂ ਪਾਰ ਕਰ ਸਕੀ ਤਾਂ ਜਗਮੀਤ ਬਰਾੜ ਨੇ ਕਾਂਗਰਸ ਦੀ ਕੌਮੀ ਲੀਡਰਸ਼ਿਪ 'ਤੇ ਸਵਾਲ ਚੁੱਕੇ ਸਨ। ਅਗਲੇ ਸਾਲ 2015 ਵਿੱਚ ਉਨ੍ਹਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ। ਫਿਰ ਜਗਮੀਤ ਸੋਚਦੇ ਰਹੇ ਸ਼ਾਇਦ ਆਮ ਆਦਮੀ ਪਾਰਟੀ ਨਾਲ ਗੱਲ ਬਣੇ, ਉਨ੍ਹਾਂ ਅਰਵਿੰਦ ਕੇਜਰੀਵਾਲ ਨਾਲ ਸਟੇਜ ਵੀ ਸਾਂਝੀ ਕੀਤੀ ਪਰ ਗੱਲ ਫਿਰ ਨਹੀਂ ਬਣੀ। ਆਖਿਰ ਜਗਮੀਤ ਨੇ ਰੁਖ ਬੰਗਾਲ ਵੱਲ ਕੀਤਾ। ਸਾਡਾ ਮਤਲਬ ਹੈ ਕਿ ਬੰਗਾਲ ਤੋਂ ਚੋਣ ਨਹੀਂ ਲੜੀ ਪਰ ਪੱਛਮ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਿਲ ਹੋ ਗਏ।

ਪੰਜਾਬ 'ਚ ਪਾਰਟੀ ਪ੍ਰਧਾਨ ਰਹਿੰਦਿਆਂ 2017 ਦੀਆਂ ਵਿਧਾਨਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਦਾ ਇੱਕ ਵੀ ਉਮੀਦਵਾਰ ਨਹੀਂ ਜਿੱਤਿਆ ਸੀ। ਬਾਅਦ ਵਿੱਚ ਜਗਮੀਤ ਬਰਾੜ ਨੇ ਟੀਐੱਮਸੀ ਵੀ ਛੱਡ ਦਿੱਤੀ ਸੀ। 2019 ਦੀਆਂ ਲੋਕ ਸਭਾ ਚੋਣਾਂ ਆ ਗਈਆਂ ਹਨ। ਗੱਲ ਤਾਂ ਚੱਲ ਹੀ ਰਹੀ ਸੀ ਜਗਮੀਤ ਬਰਾੜ ਹੁਣ ਕਿੱਥੇ ਜਾਣਗੇ ਪਰ ਅਚਾਨਕ ਜਗਮੀਤ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਜਗਮੀਤ ਜਿਸ ਪਾਰਟੀ ਦੇ ਆਗੂਆਂ ਨੂੰ ਸਾਰੀ ਉਮਰ ਭੰਡਦੇ ਰਹੇ, ਉਸੇ ਪਾਰਟੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ।

#### 2. ਸੁਖਪਾਲ ਖਹਿਰਾ

ਸੁਖਪਾਲ ਖਹਿਰਾ ਨੇ ਆਪਣਾ ਸਿਆਸੀ ਕਰੀਅਰ ਕਾਂਗਰਸ ਤੋਂ ਸ਼ੁਰੂ ਕੀਤਾ ਸੀ। ਉਨ੍ਹਾਂ ਦੀ ਵੱਡੀ ਉਪਲਬਧੀ 2007 ਵਿੱਚ ਸਾਹਮਣੇ ਆਈ ਜਦੋਂ ਉਨ੍ਹਾਂ ਨੇ ਅਕਾਲੀ ਦਲ ਦੀ ਬੀਬੀ ਜਗੀਰ ਕੌਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭੁਲੱਥ ਤੋਂ ਹਰਾ ਦਿੱਤਾ। ਪਾਰਟੀ ਵਿੱਚ ਸੁਖਪਾਲ ਖਹਿਰਾ 2017 ਤੱਕ ਰਹੇ ਪਰ ਫਿਰ ਕਾਂਗਰਸ ਛੱਡ ਸੁਖਪਾਲ ਖਹਿਰਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ ਤੇ ਮੁੜ ਭੁਲੱਥ ਤੋਂ ਹੀ ਜਿੱਤੇ ਸੀ। ਫਿਰ ਅਰਵਿੰਦ ਕੇਜਰੀਵਾਲ ਨਾਲ ਦੂਰੀਆਂ ਵਧੀਆਂ ਤੇ ਪਾਰਟੀ ਖਿਲਾਫ਼ ਖਹਿਰਾ ਦੀਆਂ ਬਿਆਨਾਬਾਜ਼ੀਆਂ ਵੀ ਵਧ ਗਈਆਂ। ਫਿਰ ਕੀ ਸੀ ਆਪ ਤੋਂ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਗਿਆ। ਭਾਵੇਂ ਸੁਖਪਾਲ ਖਹਿਰਾ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ ਪਰ ਆਪਣੀ ਨਵੀਂ ਪਾਰਟੀ ਬਣਾ ਲਈ ਜਿਸ ਦਾ ਨਾਂ ਸੀ ਪੰਜਾਬ ਏਕਤਾ ਪਾਰਟੀ।

#### 3. ਬੀਰ ਦਵਿੰਦਰ ਸਿੰਘ

ਬੀਰ ਦਵਿੰਦਰ ਸਿੰਘ ਨੇ ਆਪਣਾ ਸਿਆਸੀ ਸਫਰ 1967 ਵਿੱਚ ਅਕਾਲੀ ਦਲ ਦੀ ਸਟੂਡੈਂਟ ਵਿੰਗ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਸ਼ੁਰੂ ਕੀਤਾ। ਬਾਅਦ ਵਿੱਚ ਬੀਰ ਦੀਵੇਂਦਰ ਕਾਂਗਰਸ ਵਿੱਚ ਆ ਗਏ। 1980 ਵਿੱਚ ਉਹ ਸਰਹੰਦ ਤੋਂ ਵਿਧਾਇਕ ਬਣੇ ਅਤੇ 2002 ਤੋਂ ਖਰੜ ਤੋਂ ਵੀ ਵਿਧਾਇਕ ਬਣੇ। ਕਿਹਾ ਜਾਂਦਾ ਹੈ ਕੈਪਟਨ ਅਮਰਿੰਦਰ ਨਾਲ ਉਨ੍ਹਾਂ ਦੀ ਨਹੀਂ ਬਣਦੀ ਸੀ।

ਫਿਰ ਉਨ੍ਹਾਂ ਨੂੰ ਕਾਂਗਰਸ ਤੋਂ ਬਾਹਰ ਕਰ ਦਿੱਤਾ ਗਿਆ। ਹੁਣ ਹਾਲ ਵਿੱਚ ਹੀ ਬੀਰ ਦਵਿੰਦਰ ਅਕਾਲੀ ਦਲ ਤੋਂ ਨਰਾਜ਼ ਹੋਏ ਸੀਨੀਅਰ ਲੀਡਰਾਂ ਦੀ ਪਾਰਟੀ ਅਕਾਲੀ ਦਲ ਟਕਸਾਲੀ ਵਿੱਚ ਸ਼ਾਮਿਲ ਹੋ ਗਏ ਹਨ। ਉਨ੍ਹਾਂ ਨੂੰ ਟਕਸਾਲੀ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲਈ ਅਨੰਦਪੁਰ ਸਾਹਿਬ ਤੋਂ ਟਿਕਟ ਦਿੱਤੀ ਗਈ ਹੈ।

#### 4. ਮਨਪ੍ਰੀਤ ਬਾਦਲ

ਹੁਣ ਗੱਲ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ। ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਨੇ ਆਪਣਾ ਸਿਆਸੀ ਕਰੀਅਰ ਅਕਾਲੀ ਦਲ ਤੋਂ ਸ਼ੁਰੂ ਕੀਤਾ ਸੀ। ਮਨਪ੍ਰੀਤ ਬਾਦਲ ਅਕਾਲੀ ਸਰਕਾਰ ਵਿੱਚ ਮੰਤਰੀ ਵੀ ਰਹੇ ਪਰ ਅਕਾਲੀ ਦਲ ਵਿੱਚ ਸੁਖਬੀਰ ਬਾਦਲ ਨਾਲ ਨਹੀਂ ਬਣੀ ਤਾਂ ਆਪਣੀ ਪਾਰਟੀ ਬਣਾ ਲਈ। 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਨਪ੍ਰੀਤ ਬਾਦਲ ਦੀ ਪੀਪੀਪੀ ਯਾਨੀ ਪੀਪਲਜ਼ ਪਾਰਟੀ ਆਫ ਪੰਜਾਬ ਹੋਂਦ ਵਿੱਚ ਆਈ ਪਰ ਅਫਸੋਸ ਜਿੱਤੇ ਇੱਕ ਵੀ ਸੀਟ ਨਹੀਂ। ਬਾਅਦ ਵਿੱਚ ਆਪ ਨਾਲ ਵੀ ਗੱਲ ਚਲੀ ਪਰ ਗੱਲ਼ ਨਹੀਂ ਬਣੀ। ਆਖਿਰ ਮਨਪ੍ਰੀਤ ਬਾਦਲ ਨੇ 2016 ਵਿੱਚ ਆਪਣੀ ਪਾਰਟੀ ਦਾ ਰਲੇਵਾਂ ਕਾਂਗਰਸ ਵਿੱਚ ਕਰ ਲਿਆ ਤੇ ਕਾਂਗਰਸੀ ਬਣ ਗਏ।

#### 5. ਬਲਵੰਤ ਸਿੰਘ ਰਾਮੂਵਾਲੀਆ

ਗੱਲ ਬਲਵੰਤ ਸਿੰਘ ਰਾਮੂਵਾਲੀਆ ਦੇ ਜ਼ਿਕਰ ਤੋਂ ਬਿਨਾਂ ਕਿਵੇਂ ਮੁਕ ਸਕਦੀ ਹੈ। ਅਕਾਲੀ ਦਲ ਤੋਂ ਆਪਣਾ ਸਫ਼ਰ ਸ਼ੁਰੂ ਕਰਨ ਵਾਲੇ ਬਲਵੰਤ ਸਿੰਘ ਰਾਮੂਵਾਲੀਆ ਕਈ ਸਾਲ ਅਕਾਲੀ ਦਲ ਵਿੱਚ ਰਹੇ। 1996 ਵਿੱਚ ਸਮਾਜਵਾਦੀ ਪਾਰਟੀ ਅਤੇ ਹੋਰ ਪਾਰਟੀਆਂ ਦੀ ਹਮਾਇਤ ਨਾਲ ਰਾਜ ਸਭਾ ਮੈਂਬਰ ਬਣੇ। ਯੁਨਾਈਟਿਡ ਫਰੰਟ ਦੀ ਕੇਂਦਰ ਸਰਕਾਰ ਵਿੱਚ ਮੰਤਰੀ ਵੀ ਰਹੇ ਸਨ।

1997 ਵਿੱਚ ਉਨ੍ਹਾਂ ਨੇ ਆਪਣੀ ਪਾਰਟੀ ਲੋਕ ਭਲਾਈ ਪਾਰਟੀ ਬਣਾ ਲਈ। ਫਿਰ 2011 ਵਿੱਚ ਰਾਮੂਵਾਲੀਆ ਨੇ ਆਪਣੀ ਪਾਰਟੀ ਦਾ ਅਕਾਲੀ ਦਲ ਵਿੱਚ ਰਲੇਵਾਂ ਕਰ ਲਿਆ ਸੀ। 2015 ਵਿੱਚ ਬਲਵੰਤ ਸਿੰਘ ਰਾਮੂਵਾਲੀਆ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ, ਜਦੋਂ ਉਹ ਯੂਪੀ ਦੀ ਮੁੱਖ ਸਿਆਸੀ ਪਾਰਟੀ ਸਮਾਜਵਾਦੀ ਪਾਰਟੀ ਵਿੱਚ ਸ਼ਾਮਿਲ ਹੋ ਕੇ ਅਖਿਲੇਸ਼ ਯਾਦਵ ਦੀ ਸਰਕਾਰ ਵਿੱਚ ਮੰਤਰੀ ਬਣ ਗਏ। ਹਾਲਾਂਕਿ ਅਜਿਹੇ ਆਗੂਆਂ ਦਾ ਸਿਆਸੀ ਬਹੀ ਖਾਤਾ ਲੈ ਕੇ ਬੈਠ ਜਾਈਏ ਤਾਂ ਲਿਸਟ ਮੁੱਕਣੀ ਨਹੀਂ।